# ਰੇਡੀਓ ਲਵੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ-22 ਆਲਮੀ ਤਪਸ਼ ਦੇ ਰਿਫਿਊਜੀ

## (Global Warming - Refugees )

ਮੁੱਖ ਖੋਜ ਤੇ ਲੇਖਣ: ਡਾ. ਆਰ. ਐਸ. ਯਾਦਵ

ਪੰਜਾਬੀ ਰੁਪਾਂਤਰ , ਖੋਜ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

(In this episode, 'Global Warming Refugees', the story of the consequences of the Global Warming on life, dislocation of population due to possible drowning of Central America, one tenth of Mexico population under threat , USA wall, 17% Bangla Desh getting submerged , moving of 20 million people , Scientists of 190 countries and Mr. Barack Obama , have predicted that increasing temperature compels people to move out that affects local population , leads to disputes for , trade, residence , food and water. Desertification to push millions to be 'global warming refugees'. Initiation of Climate Wars, 3000 species of vertebrates, mammals, birds and reptiles shall have to find new abode, 2018 declared International Year of Refugees ,yes the global warming refugees, by 2050 as per UNO , 250 million shall be displaced and become refugees who have no law for seeking asylum, Paris agreement is trying to control this disaster.)

(ਇਸ ਕੜੀ"**ਆਲਮੀ ਤਪਸ਼ ਦੇ ਰਿਫਿਊਜੀ**" ਵਿੱਚ ਪੇਸ਼ ਹੈ ਕਹਾਣੀ ਕਿ ਸਾਡੀ ਇਸ ਧਰਤੀ ਦੇ ਉਪਰ ਵਧ ਰਹੇ ਤਾਪਮਾਨ ਨਾਲ ਇਥੋਂ ਦੇ ਜਨ ਜੀਵਣ 'ਤੇ ਪੈਂਦੇ ਪ੍ਰਭਾਵਾਂ ਦੀ, ਸਮੁੰਦਰਾਂ ਦੇ ਜਲ ਪੱਧਰ ਚੜ੍ਹਣ ਕਾਰਨ ਸੈਂਟਰਲ ਅਮਰੀਕਾ ਦੇ ਜਲ ਮਗਨ ਹੋਣ ਨਾਲ ਬਹੁ ਗਿਣਤੀ ਆਬਾਦੀ ਦੇ ਉਜਾੜੇ ਦੀ ! ਮੈਕਸੀਕੋ ਦੀ 10% ਉਜੜਦੀ ਆਬਾਦੀ ਨੂੰ ਰੋਕਣ ਵਾਸਤੇ ਅਮਰੀਕਾ ਦੀ ਦੀਵਾਰ ਦੀ, ਹੜ੍ਹਾਂ ਕਾਰਨ 2050 ਤੱਕ ਬੰਗਲਾ ਦੇਸ਼ ਦੇ ਦੋ ਕਰੋੜ ਲੋਕਾਂ ਦੇ ਉਜੜਣ ਅਤੇ 17% ਧਰਤੀ ਜਲ ਮਗਨ ਹੋਣ ਦੀ, 190 ਦੇਸ਼ਾਂ ਦੇ ਵਿਗਿਆਨੀਆਂ ਤੇ ਬਾਰਾਕ ਓਬਾਮਾ ਅਨੁਸਾਰ ਵਧਦੀ ਗਰਮੀ ਕਾਰਨ ਘੱਟਦੇ ਸ੍ਰੋਤ, ਭਜਾਉਂਦੇ ਨੇ ਲੋਕਾਂ ਨੂੰ ਹੋਰ ਰਹਿਣਯੋਗ ਥਾਵਾਂ ਦੀ ਭਾਲ ਵਿੱਚ! ਸਥਾਨਕ ਲੋਕਾਂ ਦਾ ਜਨ ਜੀਵਣ ਹੁੰਦਾ ਹੈ ਪ੍ਰਭਾਵਤ ! ਪੈਦਾ ਹੁੰਦੇ ਨੇ ਝਗੜੇ, ਵਪਾਰ ਲਈ, ਰੈਣ ਬਸੇਰੇ ਤੇ ਗੁਜਰ ਬਸਰ, ਭੋਜਨ ਪਦਾਰਥਾਂ ਤੇ ਪਾਣੀ ਦੇ ਲਈ! ਧਰਤੀ ਉਪਰ ਔੜ ਯਾਣੀ ਸੋਕਾ ਤੇ ਮਾਰੂਥਲੀਕਰਨ ਕਰਕੇ ਕਰੋੜਾਂ ਲੋਕ ਬਣ ਜਾਣਗੇ ਰਫਿਊਜੀ, '**ਤਾਪਮਾਨ ਦੇ ਰਫਿਊਜੀ**', ਮੁੱਢ ਬੱਝੇਗਾ ਸਿਆਸੀ ਬੈਚੈਨੀ ਦਾ, ਝਗੜਿਆਂ ਤੇ ਜੰਗਾਂ ਦਾ! 'ਜਲਵਾਯੂ ਯੁੱਧ'! ਰੀੜਧਾਰੀਆਂ ਦੀਆਂ 3000 ਪ੍ਰਜਾਤੀਆਂ, ਥਣਧਾਰੀ, ਪੰਛੀ ਤੇ ਰੀਂਗਣ ਵਾਲੇ ਹੋਣਗੇ ਵਿਸਥਾਪਿਤ, ਲੱਭਣਾ ਪਏਗਾ ਨਵਾਂ ਰੈਣ ਬਸੇਰਾ! ਯੂ. ਐਨ. ਓ. ਨੇ ਸਾਲ 2018 ਨੂੰ ਤਾਂ ਅੰਤਰਰਾਸ਼ਟਰੀ ਰਿਫਿਊਜੀ ਵਰ੍ਹਾ ਹੀ ਗਰਦਾਨ ਦਿੰਦੇ ਕਿਹਾ ਹੈ ਕਿ 2050 ਤੱਕ 25 ਕਰੋੜ ਲੋਕ ਬਣ ਜਾਣਗੇ ਆਲਮੀ ਤਪਸ਼ ਦੇ ਰਿਫਿਊਜੀ! ਅਜੇ ਤੱਕ ਤਾਂ ਕੋਈ ਨਹੀਂ ਪ੍ਰਾਵਾਧਾਨ ਇਨ੍ਹਾਂ ਜਲਵਾਯੂ ਰਿਫਿਊਜੀਆਂ ਨੂੰ ਸ਼ਰਨ ਜਾਂ ਪਨਾਹ ਦੇਣ ਦਾ ਪਰ ਪੈਰਿਸ ਸਹਿਮਤੀ ਕਰ ਰਹੀ ਹੈ ਯਤਨ ਇਸ ਆਫਤ ਨੂੰ ਠੱਲ੍ਹਣ ਲਈ! )

**ਪਾਤਰ**

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਡਾ.ਕ੍ਰਿਸ਼ਨਾ** (50 **ਸਾਲ**): ਪ੍ਰਿੰਸੀਪਲ

**ਸ੍ਰੀਮਤੀ ਪ੍ਰਭਾ** (45 **ਸਾਲ**): ਸਮਾਜ ਸਾਸਤਰ ਦੀ ਅਧਿਆਪਿਕਾ

**ਸ੍ਰੀਮਤੀ ਪਰਮਿੰਦਰ** (40 **ਸਾਲ**): ਵਿਗਿਆਨ ਅਧਿਆਪਕਾ

**ਪ੍ਰੋ.ਜਤਿੰਦਰ** (55 **ਸਾਲ**): ਵਾਤਾਵਰਨ ਵਿਗਿਆਨੀ

**ਰਮੇਸ਼**(18 **ਸਾਲ**): ਵਿਦਿਆਰਥੀ

**ਹਰਜੀਤ** (21 **ਸਾਲ**): ਕਾਲਜ ਵਿਚ ਵਿਦਿਆਰਥਣ

**ਸੁਰਜੀਤ** (18 **ਸਾਲ**): ਵਿਦਿਆਰਥਣ

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ**......

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਬਾਈਵੀਂ ਕੜੀ "ਆਲਮੀ ਤਪਸ਼ ਦੇ ਰਿਫਿਊਜੀ"** ।

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ "**ਜਲਵਾਯੂ ਬਦਲਾਅ ਦੀ ਵਿਗਿਆਨ**" ਦੇ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ**" ਦੀ ਬਾਈਵੀਂ ਕੜੀ ਵਿੱਚ।

**ਮਰਦ ਸੂਤਰਧਾਰ:** ਹਾਂ! ਇਸ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ**" ਦੀ ਪਿਛਲੀ ਕੜੀ ਵਿੱਚ ਕੀਤੀ ਸੀ ਅਸੀਂ ਚਰਚਾ ਜਲਵਾਯੂ ਬਦਲਅ ਦੇ ਕਾਰਨ ਸਾਡੀਆਂ ਜਿੰਦਗੀਆਂ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਉਪਰ!

**ਔਰਤ ਸੂਤਰਧਾਰ:** ਸੁਣਿਆ ਸੀ ਅਸੀਂ ਵਿਗਿਆਨ ਜਿਸ ਰਾਹੀਂ ਕਰਦਾ ਹੈ ਜਲਵਾਯੂ ਬਦਲਾਅ ਪ੍ਰਭਾਵਤ, ਇਸ ਧਰਤ ਗ੍ਰਹਿ ਨੂੰ ਅਤੇ ਮਨੁੱਖੀ ਜੀਵਣ ਨੂੰ !

**ਮਰਦ ਸੂਤਰਧਾਰ:** ਹਾਂ ਜੀ ਸੁਰੂ ਹੋਈ ਸੀ ਕਹਾਣੀ ਦਿੱਲੀ ਵਿੱਚ ਪੈਂਦੇ ਬੇ-ਮੌਸਮੀ ਮੀਂਹ ਅਤੇ ਗੜੇਮਾਰੀ ਦੀ ਘਟਣਾ ਤੋਂ !

**ਔਰਤ ਸੂਤਰਧਾਰ:** ਇਸ ਕੜੀ ਵਿੱਚ ਅਸੀਂ ਛੋਹੇ ਸਨ ਕਿੱਸੇ ਉਨ੍ਹਾਂ ਮਾੜੇ ਪ੍ਰਭਾਵਾਂ ਦੇ ਜਿਹੜੇ ਪੈਂਦੇ ਨੇ ਸਾਡੇ ਉਪਰ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੇ ਸਿੱਟੇ ਵਜੋਂ !

**ਮਰਦ ਸੂਤਰਧਾਰ:** ਕੀਤੀ ਸੀ ਪੇਸ਼ਕਾਰੀ ਮਾਹਰਾਂ ਦੇ ਬੋਲਾਂ ਦੇ ਰਾਹੀਂ ਉਨ੍ਹਾਂ ਕਾਰਨਾਂ ਦੀ ਵਿਗਿਆਨ ਦੀ ਜਿਹੜੇ ਬਣਦੇ ਨੇ ਮੁੱਖ ਕਾਰਕ ਜਲਵਾਯੂ ਦੇ ਇਸ ਬਦਲਾਅ ਵਿੱਚ !

**ਔਰਤ ਸੂਤਰਧਾਰ:** ਵੇਖੋ ਜੀ! ਸੁਣ ਲਿਆ ਸੀ ਅਸੀਂ ਬ੍ਰਿਤਾਂਤ ਕਿ ਕਿਵੇਂ ਜਲਵਾਯੂ ਬਦਲਾਅ ਕਰਦਾ ਹੈ ਪ੍ਰਭਾਵਤ ਇੱਥੋਂ ਦੀ ਜੈਵਿਕ ਭਿੰਨਤਾ ਨੂੰ ਅਤੇ ਜੀਵਾਂ ਦੇ ਰੈਣ ਬਸੇਰਿਆਂ ਨੂੰ !

**ਮਰਦ ਸੂਤਰਧਾਰ:** ਸਪਸ਼ਟ ਹੋ ਗਿਆ ਸੀ ਕਿ ਤੇਜੀ ਨਾਲ ਵਧਦੇ ਤਾਪਮਾਨ ਕਾਰਨ ਕਿਵੇਂ ਹੁੰਦਾ ਹੈ ਨਾਸ ਸਾਡੀ ਧਰਤ ਗ੍ਰਹਿ ਦੀ ਜੈਵਿਕ ਵੰਨ ਸੁਵੰਨਤਾ ਦਾ ਅਤੇ ਅਲੋਪ ਹੋ ਜਾਂਦੀਆਂ ਨੇ ਕਈ ਪ੍ਰਜਾਤੀਆਂ ਜੀਵਾਂ ਤੇ ਬਨਸਪਤੀ ਦੀਆਂ ਵੀ !

**ਔਰਤ ਸੂਤਰਧਾਰ:** ਹੋਈ ਸੀ ਚਰਚਾ ਕਿ ਕਿਵੇਂ ਤਹਿਸ ਨਹਿਸ ਹੋ ਜਾਂਦੀ ਹੈ ਸਾਡੀ ਪਰਿਆਵਰਣੀ ਪ੍ਰਣਾਲੀ !

**ਮਰਦ ਸੂਤਰਧਾਰ:** ਸੁਣਾਈ ਸੀ ਗਾਥਾ ਅਨੁਕੂਲਣ ਵਿਗਿਆਨ ਦੀ ਵੀ ਕਿ ਕਿਵੇਂ ਲੱਗਦਾ ਹੈ ਸਮਾ ਵੱਖ ਵੱਖ ਪ੍ਰਜਾਤੀਆਂ ਨੂੰ ਬਦਲਦੇ ਹੋਏ ਜਲਵਾਯੂ ਤੇ ਵਧਦੇ ਤਾਪਮਾਨ ਵਿੱਚ ਰਹਿਣ ਵਾਸਤੇ ਆਪਣੇ ਆਪ ਨੂੰ ਢਾਲਣ ਵਿੱਚ!

**ਔਰਤ ਸੂਤਰਧਾਰ:** ਸੁਣੀ ਸੀ ਕਹਾਣੀ ਕਿ ਕਿਵੇਂ ਪਨਪਣਗੀਆਂ ਨਵੀਆਂ ਬਿਮਾਰੀਆਂ ਇਸ ਜਲਵਾਯੂ ਬਦਲਾਅ ਕਾਰਨ !

**ਮਰਦ ਸੂਤਰਧਾਰ:** ਹੋਈ ਸੀ ਗੱਲ ਕਿ ਕਿਵੇਂ ਗਰਮ ਤੇ ਤਰ ਜਾਲਵਾਯੂ ਵਿੱਚ ਹੋ ਜਾਂਦੀ ਹੈ ਭਰਮਾਰ ਬਿਮਾਰੀ ਦੇ ਵਾਹਕ ਮੱਛਰਾਂ ਤੇ ਮੱਖੀਆਂ ਆਦਿ ਦੀ , ਉਨ੍ਹਾਂ ਰਾਹੀ ਮਨੁੱਖਾਂ ਵਿੱਚ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ !

**ਔਰਤ ਸੂਤਰਧਾਰ:** ਸੁਣਾ ਦਿੱਤੀ ਸੀ ਕਹਾਣੀ ਉਨ੍ਹਾਂ ਬਿਮਾਰੀਆਂ ਦੀ ਵੀ ਜੋ ਪਨਪ ਪੈਂਦੀਆਂ ਨੇ ਤਾਪਮਾਨ ਵਧਣ ਕਰਕੇ ਠੰਢੇ ਇਲਾਕਿਆਂ ਤੇ ਮੁਲਕਾਂ ਵਿੱਚ ਵੀ, ਹੋ ਜਾਂਦਾ ਹੈ ਮਲੇਰੀਆਂ ਹਿਮਾਚਲ ਦੇ ਉਚੇ ਪਹਾੜਾਂ ਤੇ ਵੀ !

**ਮਰਦ ਸੂਤਰਧਾਰ:** ਹੋਈ ਸੀ ਗੱਲ ਕਿ ਕਿਵੇਂ ਬਣ ਜਾਂਦੀਆਂ ਨੇ ਇਹ ਨਵੀਂਆਂ ਬਿਮਾਰੀਆਂ ਜਿਆਦਾ ਭਿਆਨਕ ਤੇ ਵਧਦੀਆਂ ਮੌਤਾਂ ਦੀਆਂ ਸੁਦਾਗਰ!

**ਔਰਤ ਸੂਤਰਧਾਰ:** ਸੁਣਾ ਦਿੱਤੀ ਸੀ ਕਹਾਣੀ ਕਿ ਕੀ ਹੈ ਵਿਗਿਆਨ ਇਸ ਤੱਥ ਦੇ ਪਿੱਛੇ ਕਿ ਕਿਵੇਂ ਫੈਲਣੀਆਂ ਸੁਰੂ ਹੋ ਜਾਂਦੀਆਂ ਨੇ ਇਹ ਬੀਮਾਰੀਆਂ ਬੇਰੁੱਤੀਆਂ ਵੀ ! ਜਿਵੇਂ ਹੁਣ ਗਰਮੀਆਂ ਵਿੱਚ ਆਮ ਹੀ ਜ਼ੁਕਾਮ ਦੀ ਬਿਮਾਰੀ ਚਲਦੀ ਰਹਿੰਦੀ ਹੈ !

**ਮਰਦ ਸੂਤਰਧਾਰ:** ਸੁਣਾ ਦਿੱਤੀ ਸੀ ਗਾਥਾ ਇਸ ਬਦਦੇ ਜਲਵਾਯੂ ਤੇ ਗਰਮਾਉਂਦੀ ਧਰਤੀ ਨਾਲ ਪ੍ਰਦੂਸ਼ਿਤ ਹੁੰਦੇ ਪਾਣੀ ਦੀ ਤੇ ਪੀਣ ਅਤੇ ਸਿੰਚਾਈ ਲਈ ਪਾਣੀ ਦੀ ਘਾਟ ਦੀ !

**ਔਰਤ ਸੂਤਰਧਾਰ:**ਹਾਂ ਜੀ ਹੋ ਗਈ ਸੀ ਚਰਚਾ ਪ੍ਰਦੂਸ਼ਿਤ ਪਾਣੀ ਕਾਰਨ ਪਾਣੀ ਨਾਲ ਫੈਲਣ ਵਾਲੇ ਰੋਗਾਂ ਦੇ ਵਾਧੇ ਦੀ ਵੀ!

**ਮਰਦ ਸੂਤਰਧਾਰ:** ਅੱਜ ਦੀ ਇਸ ਕੜੀ **"ਆਲਮੀ ਤਪਸ਼ ਦੇ ਰਿਫਿਊਜੀ"**ਵਿੱਚ ਸੁਣਾਂਗੇ ਅਸੀਂ ਕਹਾਣੀ, ਜਲਵਾਯੂ ਦੇ ਬਦਲਾਅ ਕਾਰਨ ਜੈਵ ਵਿਭਿੰਨਤਾ, ਬਿਮਾਰੀਆਂ ਅਤੇ ਪਾਣੀ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦੀ !

**ਔਰਤ ਸੂਤਰਧਾਰ** : ਸੁਣੋ ਇਸ ਨਵੇਂ ਲੜੀਵਾਰ **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਦੀ ਬਾਈਵੀਂ ਕੜੀ **"ਆਲਮੀ ਤਪਸ਼ ਦੇ ਰਿਫਿਊਜੀ"**! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਪਹਿਲਾ**……

(ਇਕ ਸਾਧਾਰਨ ਭਾਰਤੀ ਘਰ/ ਟੀ.ਵੀ. 'ਤੇ ਖ਼ਬਰਾਂ/ ਰਸੋਈ ਘਰ ਵਿਚ ਬਰਤਨ/ ਪ੍ਰੈਸ਼ਰ ਕੁੱਕਰ ਆਦਿ ਦੀ ਧੁਨੀ/)

**ਰਮੇਸ਼:** ਹੈਂ ! ਐਨਾ ਸਾਰਾ ਕੰਮ! ਉਪਰੋਂ ਸਕੂਲ ਦੇ ਪ੍ਰਾਜੈਕਟ ਦਾ ਕੰਮ, ਸਕੂਲ ਦੀ ਸਲਾਨਾ ਡੀਬੇਟ ਵੀ ਨਜ਼ਦੀਕ ਆ ਰਹੀ ਹੈ! ਇਸ ਵਾਰ ਤਾਂ ਮੈਂ ਜਿੱਤਣਾ ਹੀ ਹੈ!

**ਪ੍ਰਭਾ:** ਰਮੇਸ਼ ! ਤੇਰਾ ਨਾਸ਼ਤਾ ਤਿਆਰ ਕਰ ਦਿੱਤਾ ਹੈ, ਕਿੱਥੇ ਹੈ ਤੂੰ? ਖਾਣੇ ਦੇ ਮੇਜ਼ 'ਤੇ ਲਗਾ ਦਿੱਤਾ ਹੈ। ਪਿਛਲੇ ਹਫਤੇ ਤੂੰ ਕੀ ਕਿਹਾ ਸੀ ਯਾਦ ਹੈ ਨਾ? ਵੈਸੇ ਤੇਰੀ ਸਲਾਨਾ ਡੀਬੇਟ ਦੀ ਤਰੀਕ ਵੀ ਆ ਗਈ ਹੈ। ਨੋਟਿਸ ਬੋਰਡ 'ਤੇ ਤੂੰ ਪੜ੍ਹ ਹੀ ਲਿਆ ਹੋਵੇਗਾ।

**ਰਮੇਸ਼:** ਮੰਮੀ! ਮੈਂ ਅਪਣੇ ਕੁਝ ਨੋਟਸ ਲੱਭ ਰਿਹਾ ਸੀ ਮੇਰੇ ਕਲਾਸ ਅਧਿਆਪਕ ਨੇ ਦਿੱਤੇ ਸੀ!

**ਪ੍ਰਭਾ:** ਕਿਨ੍ਹਾਂ ਪੇਪਰਸ ਦੀ ਗੱਲ ਕਰ ਰਿਹਾ ਹੈਂ ? ਮੇਰੇ ਤੋਂ ਹੀ ਪੁੱਛ ਲੈਂਦਾ? ਮੈਂ ਉਹ ਸਾਰੇ ਪੇਪਰ, ਤੇਰੇ ਕਮਰੇ ਦੀ ਅਲਮਾਰੀ ਵਿਚ ਰੱਖੇ ਸਨ।

**ਰਮੇਸ਼:** ਓ ਮੰਮੀ ! ਮੈਂ ਕਿਹਾ ਸੀ ਨਾ ਮੇਰੇ ਪੇਪਰ ਨਾ ਛੇੜਿਆ ਕਰੋ! ਪਲੀਜ਼! ਜਿਥੇ ਪਏ ਹੁੰਦੇ ਹਨ ਉਥੇ ਹੀ ਰਹਿਣ ਦਿਆ ਕਰੋ।

**ਪ੍ਰਭਾ:** ਬੇਟਾ! ਪਰ ਕੀ ਘਰ ਵਿੱਚ ਆਪਣੀਆਂ ਕਿਤਾਬਾਂ-ਕਾਪੀਆਂ ਤੇ ਪੇਪਰਾਂ ਨੂੰ ਉਚਿਤ ਜਗ੍ਹਾ 'ਤੇ ਰੱਖਣਾ ਨਹੀਂ ਚਾਹੀਦਾ ? ਕਿਸੇ ਪ੍ਰਤੀਯੋਗਿਤਾ ਨੂੰ ਜਿੱਤਣ ਲਈ ਘਰੇਲੂ ਅਨੁਸ਼ਾਸਨ ਦਾ ਹੋਣਾ ਵੀ ਜ਼ਰੂਰੀ ਹੈ। ਇਸ ਨਾਲ ਜੀਵਨ ਦੀਆਂ ਸਮੱਸਿਆਵਾਂ ਵੀ ਘੱਟ ਜਾਂਦੀਆਂ ਹਨ।

**ਰਮੇਸ਼:** O.K. ਮੰਮੀ! Please no more lesson, ਮੇਰੇ 'ਤੇ ਪਹਿਲਾਂ ਹੀ ਕੰਮ ਦਾ ਬਹੁਤ ਦਬਾਅ ਹੈ।

**ਪ੍ਰਭਾ:** ਬੇਟਾ! ਵੈਸੇ ਐਵੇਂ ਤਨਾਅ ਹੇਠ ਰਹਿਣ ਦਾ ਕੀ ਲਾਭ ? ਸਭ ਚੀਜ਼ਾਂ ਨੂੰ ਸਹਿਜਤਾ ਨਾਲ ਲੈਣਾ ਸਿੱਖਣਾ ਵੀ ਪੜ੍ਹਾਈ ਦਾ ਇੱਕ ਅਹਿਮ ਅੰਗ ਹੈ ! ਤੂੰ ਤਾਂ ਸਕੂਲ ਵਿਚ ਪਹਿਲਾਂ ਹੀ ਕਾਫੀ ਚੰਗਾ ਪ੍ਰਦਰਸ਼ਨ ਕਰ ਰਿਹਾ ਹੈਂ।

**ਰਮੇਸ਼:** Sorry ਮੰਮੀ! ਮੈਨੂੰ ਸਮਝ ਆ ਗਿਆ। ਤੁਸੀਂ ਮੇਰੀਆਂ ਸਾਰੀਆਂ ਕਾਪੀਆਂ ਅਤੇ ਕਿਤਾਬਾਂ ਐਨੇ ਅੱਛੇ ਢੰਗ ਨਾਲ ਜੋ ਰੱਖ ਦਿੱਤੀਆਂ ਹਨ।ਆਪ ਦੀਆਂ ਗੱਲਾਂ ਵੀ ਸਹੀ ਹਨ , ਪਰ ਸਕੂਲਾਂ ਵਿੱਚ ਤਾਂ ਡੰਡਾ ਅਨੁਸ਼ਾਸ਼ਨ ਦਾ

ਨਿਯਮ ਹੈ ਨਾ ਕਿ ਸਹਿਜ ਸਵੈ ਅਨੁਸ਼ਾਸ਼ਨ ਦਾ !

**ਪ੍ਰਭਾ:** ਅੱਛਾ! ਮੈਨੂੰ ਦੱਸੇਗਾਂ ਤੇਰੀ ਡੀਬੇਟ ਦਾ ਵਿਸ਼ਾ ਕੀ ਹੈ? ਲੱਗਦਾ ਹੈ ਕਿ ਜ਼ਰੂਰ ਹੀ ਕੋਈ **ਨਵਾਂ** ਵਿਸ਼ਾ ਹੋਵੇਗਾ !

**ਰਮੇਸ਼:** ਹਾਂ ਮੰਮੀ ! ਮੇਰੇ ਲਈ ਤਾਂ ਇਹ ਨਵਾਂ ਹੀ ਹੈ। ਪਰ ਤੁਹਾਡੇ ਲਈ ਨਹੀਂ। ਦੱਸਦਾ ਹਾਂ, ਮੈਂ ਆਪਣੀ ਨੋਟਬੁੱਕ ਵਿਚ ਲਿਖਿਆ ਸੀ।

*******ਪੇਪਰ ਦੇ ਪੰਨਿਆਂ ਦੇ ਪਲਟਣ ਦੀ ਧੁਨੀ ਦਾ ਪ੍ਰਭਾਵ*******

**ਪ੍ਰਭਾ:** ਅੱਛਾ। ਖਾਣੇ ਦੇ ਮੇਜ਼ 'ਤੇ ਆ ਜਾਹ ਅਤੇ ਅਪਣਾ ਨਾਸ਼ਤਾ ਕਰ ਲੈ।

**ਰਮੇਸ਼:** ਅੱਛਾ ਮੰਮੀ! ਹੁਣੇ ਆਇਆ। ਇਸ ਵਾਰ ਡੀਬੇਟ ਦਾ ਵਿਸ਼ਾ ਹੈ **"ਗਲੋਬਲ ਵਾਰਮਿੰਗ ਵਿਸਥਾਪਨ ਅਤੇ ਸ਼ਰਨਾਰਥੀ ਸਮੱਸਿਆ"**, ਸਾਡੀ ਕਲਾਸ ਦੇ ਅਧਿਆਪਕ ਨੇ ਦੱਸਿਆ ਹੈ ਕਿ ਇਹ ਵਿਸ਼ਾ ਵਿਸ਼ਵ ਦੀ ਵਰਤਮਾਨ ਉਭਰਦੀ ਹੋਈ ਸਮੱਸਿਆ 'ਤੇ ਕੇਂਦਰਿਤ ਹੈ। ਇਸ ਵਿਚ ਵਰਤਮਾਨ ਵਿਸ਼ਵ **ਦਾ ਭਵਿੱਖੀ ਨਕਸ਼ਾ ਹੈ** , ਗਲੋਬਲ ਵਾਰਮਿੰਗ ਅਤੇ ਉਸਦੇ ਨਾਲ ਪੈਦਾ ਹੋਈ ਸ਼ਰਨਾਰਥੀ ਸਮੱਸਿਆ ਦੇ ਵੱਖ ਵੱਖ ਪਹਿਲੂਆਂ ਬਾਬਤ ਅਤੇ ਉਸ ਪਿੱਛੇ ਕੰਮ ਕਰਦੇ ਵਿਗਿਆਨਿਕ, ਸਮਾਜਿਕ , ਆਰਥਿਕ, ਸਿਆਸੀ ਤੇ ਪ੍ਰਸ਼ਾਸ਼ਨਿਕ ਪੱਖਾਂ ਦਾ ਹੈ ਇਹ ਮਾਨਚਿਤਰ !

**ਪ੍ਰਭਾ:** (ਹੱਸਦੇ ਹੋਏ) ਅੱਛਾ ਅਤੇ ਰੁਚੀ ਵਾਲਾ ਵਿਸ਼ਾ ਹੈ। ਇਸ ਨੇ ਤਾਂ ਰਾਜਨੀਤਿਕ ਨੇਤਾਵਾਂ, ਵਿਗਿਆਨੀਆਂ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੀ ਨੀਂਦ ਹੀ ਉੜਾ ਦਿੱਤੀ ਹੈ।

**ਰਮੇਸ਼:** ਮੰਮੀ! ਨੇਤਾ , ਵਿਗਿਆਨੀ ਤੇ ਪ੍ਰਸ਼ਾਸ਼ਨਿਕ ਅਧਿਕਾਰੀ ਹੀ ਕਿਉਂ?

**ਪ੍ਰਭਾ:** ਰਮੇਸ਼, ਵੈਸੇ ਤਾਂ ਆਮ ਲੋਕ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ, ਪਰ ਮੇਰੇ ਕਹਿਣ ਦਾ ਭਾਵ ਇਹ ਸੀ ਕਿ ਰਾਜਨੀਤਿਕ ਨੇਤਾ ਨੀਤੀਆਂ ਬਣਾਉਂਦੇ ਹਨ, ਵਿਗਿਆਨੀ ਇਸਦਾ ਅਧਾਰ ਦੱਸਦੇ ਹਨ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੇ ਇਨ੍ਹਾਂ ਨੂੰ ਲਾਗੂ ਕਰਨਾ ਹੁੰਦਾ ਹੈ।

**ਰਮੇਸ਼:** ਮੈਂ ਆਪਦੀ ਨਸੀਹਤ ਨੂੰ ਪੱਲੇ ਬੰਨ੍ਹ ਕੇ ਹੀ ਡਿਬੇਟ ਦੀ ਤਿਆਰੀ ਕਰਾਂਗਾ ਤੇ ਭਾਗ ਲਵਾਂਗਾ !

******* ਬਸ ਦੇ ਹਾਰਨ ਦੀ ਧੁਨੀ ਦਾ ਪ੍ਰਭਾਵ*******

**ਰਮੇਸ਼:** ਮੰਮੀ, ਮੈਨੂੰ ਲਗਦਾ ਹੈ ਮੇਰੇ ਸਕੂਲ ਦੀ ਬਸ ਆ ਗਈ , ਮੈਨੂੰ ਤੁਰੰਤ ਜਾਣਾ ਹੋਵੇਗਾ ਨਹੀਂ ਤਾਂ ਬਸ ਡਰਾਇਵਰ ਨਾਰਾਜ਼ ਹੋ ਜਾਵੇਗਾ।

**ਪ੍ਰਭਾ:** ਤੇਰਾ ਲੰਚ ਬਾਕਸ ਤਿਆਰ ਹੈ। ਭੁੱਲ ਨਾ ਜਾਣਾ। ਮੈਂ ਕਾਲਜ 'ਚੋਂ ਦੇਰੀ ਨਾਲ ਆਵਾਂਗੀ। ਮੈਂ ਸਿਖਿਆ ਨਿਰਦੇਸ਼ਕ ( ਡੀ ਪੀ ਆਈ ) ਦੇ ਦਫਤਰ ਵਿਖੇ ਇਕ ਮੀਟਿੰਗ ਲਈ ਜਾਣਾ ਹੈ।

**ਰਮੇਸ਼:** ਅੱਛਾ ਮੰਮੀ…Bye…

**ਪ੍ਰਭਾ:** … Bye … ਅਪਣਾ ਧਿਆਨ ਰੱਖਣਾ ! ਸਹਿਜ ਰਹਿਣਾ !

******* ਬਸ ਚੱਲਣ/ ਗੇਟ ਬੰਦ ਹੋਣ ਦੀ ਧੁਨੀ ਦਾ ਪ੍ਰਭਾਵ*******

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਦੂਜਾ**……

( ਸਵੇਰ ਦਾ ਸਮਾਂ, ਪ੍ਰਿੰਸੀਪਲ ਦਾ ਦਫਤਰ , ਕੁੱਝ ਅਧਿਆਪਕ ਤੇ ਵਿਦਿਆਰਥੀ ਬੈਠੇ ਚਰਚਾ ਕਰ ਰਹੇ ਹਨ! )

**ਡਾ.ਕ੍ਰਿਸ਼ਨਾ:** ਮੈਂ ਅੱਜ ਉਸ ਡਿਬੇਟ ਦੀ ਤਿਆਰੀ ਬਾਬਤ ਜਾਇਜਾ ਮੀਟਿੰਗ ਇਸ ਲਈ ਕਰ ਰਿਹਾ ਹਾਂ ਤਾ ਕਿ **"ਗਲੋਬਲ ਵਾਰਮਿੰਗ ਵਿਸਥਾਪਨ ਅਤੇ ਸ਼ਰਨਾਰਥੀ ਸਮੱਸਿਆ"**, ਵਰਗੇ ਅਤਿ ਮਹੱਤਵਪੂਰਣ ਵਿਸ਼ੇ 'ਤੇ ਅਸੀਂ ਵੀ ਆਪਣਾ ਭਰਪੂਰ ਯੋਗਦਾਨ ਸਮਾਜ ਵਿੱਚ ਪਾ ਸਕੀਏ! ਬੇਸ਼ੱਕ ਅਸੀਂ ਜਿੱਤਣਾ ਚਾਹੁੰਦੇ ਹਾਂ ਤੇ ਉਸ ਵਾਸਤੇ ਤਿਆਰੀ ਵੀ ਕਰ ਰਹੇ ਹਾਂ ਪਰ ਇਸਦੇ ਨਾਲ ਹੀ ਇਹ ਵੀ ਬਹੁਤ ਜਰੂਰੀ ਹੈ ਕਿ ਇਸ ਮਾਮਲੇ ਵਿੱਚ ਸਾਡੀ ਆਪਣੀ ਸਮਝ ਵੀ ਸਹੀ ਬਣੇ ਅਤੇ ਅਸੀਂ ਆਪਣੇ ਗਿਆਨ, ਵਤੀਰੇ ਅਤੇ ਅਮਲਾਂ ਰਾਹੀਂ ਇਸ ਮਾਮਲੇ ਤੇ ਸਹੀ ਵਿਕਸਿਤ ਕਰ ਸਕੀਏ !

**ਇੱਕ ਅਧਿਆਪਕ :** ਸਰ ਅਸੀਂ ਇਸ ਵਿਸ਼ੇ 'ਤੇ ਪੂਰੀ ਛਾਣ ਬੀਣ ਕਰਕੇ ਵਿਗਿਆਨਕ ਨਿਯਮਾਂ ਅਤੇ ਤੱਥਾਂ 'ਤੇ ਆਧਾਰਤ ਮਸੌਦਾ ਤਿਆਰ ਕੀਤਾ ਹੈ ਅਤੇ ਉਸ ਵਿੱਚ ਹਕੀਕਤਾਂ ਨੂੰ ਵੀ ਸਹੀ ਸਥਾਨ ਦਿੱਤਾ ਹੈ !

**ਪ੍ਰਿੰਸੀਪਲ :** ਰਮੇਸ਼ ! ਕੀ ਤੈਨੂੰ ਇਸ ਮਾਲੇ 'ਤੇ ਡਰ ਜਿਹਾ ਤਾਂ ਨਹੀਂ ਲੱਗ ਰਿਹਾ ?
ਰਮੇਸ਼: ਨਹੀਂ ਸਰ ! ਮੈਨੂੰ ਕੋਈ ਡਰ ਨਹੀਂ ! ਜਿਤਣਾ ਤਾਂ ਮੈਂ ਚਾਹੁੰਦਾ ਹਾਂ ਕਿਉਂ ਜੋ ਸਾਡੀ ਸੰਸਥਾ ਦੀ ਇਜਤ ਮਾਨ ਦਾ ਪ੍ਰਸ਼ਨ ਹੈ , ਪਰ ਇਸ ਵਾਸਤੇ ਮੇਰੀ ਤਿਆਰੀ , ਮੇਰੇ ਅਧਿਆਪਕਾਂ ਦੀ ਅਗਵਾਈ ਅਤੇ ਮੇਰਾ ਸਹਿਜ ਆਤਮ ਵਿਸ਼ਵਾਸ਼ ਮੈਨੂੰ ਡੋਲਣ ਨਹੀਂ ਦੇਵੇਗਾ !

**ਅਧਿਆਪਕ:** ਸਰ ਰਮੇਸ਼ ਵਿੱਚ ਕੰਮ ਕਰਨ ਦੀ ਸਿੱਖਣ ਦੀ ਪ੍ਰਸ਼ਨ ਕਰਨ ਦੀ ਤੇ ਜਵਾਬ ਲੱਭਣ ਦੀ ਲਗਨ ਦੇ ਨਾਲ ਨਾਲ ਬਹੁਤ ਹੀ ਸੰਜਮ ਹੈ , ਜਿਸ ਕਰਕੇ ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਇਹ ਸਕੂਲ ਦਾ ਨਾਮ ਰੋਸ਼ਨ ਕਰੇਗਾ !

**ਰਮੇਸ਼:** ਠੀਕ ਹੈ ਸਰ ! ਆਪ ਸੱਭ ਦਾ ਆਸ਼ੀਰਵਾਦ ਹੈ ! ਹੁਣ ਇਸ ਡਿਬੇਟ ਦੇ ਅੰਤਮ ਪੜਾ ਵਿੱਚ ਪਹੁੰਚਣ ਤੋਂ ਬਾਅਦ ਹੀ ਹਾਜਰ ਹੋਵਾਂਗਾ !

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਤੀਜਾ**......

( ਸਵੇਰ ਦਾ ਸਮਾਂ, ਸਕੂਲ ਦਾ ਪ੍ਰਾਰਥਨਾ ਮੈਦਾਨ, ਸਵੇਰ ਦੀ ਸਭਾ ( ਮੌਰਨਿੰਗ ਅਸੈਂਬਲੀ ) ਦਾ ਸੰਗੀਤ...... ਪਿੰਸੀਪਲ ਡਾ. ਕ੍ਰਿਸ਼ਨਾ ਵੱਲੋਂ ਸੰਬੋਧਨ......)

**ਡਾ.ਕ੍ਰਿਸ਼ਨਾ:** ਪਿਆਰੇ ਵਿਦਿਆਰਥੀਓ, ਮੈਂ ਅੱਜ ਮੁੱਖ ਬਿੰਦੂ 'ਤੇ ਚਰਚਾ ਕਰਨ ਤੋਂ ਪਹਿਲਾਂ ਦੱਸਣਾ ਚਾਹਾਂਗਾ ਕਿ ਰਾਜਧਾਨੀ ਖੇਤਰ ਵਿਚ ਵਾਤਾਵਰਨ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਦਿਨ ਪ੍ਰਤੀ ਦਿਨ ਕਿੰਨੀਆਂ ਗੰਭੀਰ ਹੁੰਦੀਆਂ ਜਾ ਰਹੀਆਂ ਹਨ। ਵਿਸ਼ਵ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚੋਂ ਤਿੰਨ ਸ਼ਹਿਰ ਰਾਸ਼ਟਰੀ ਰਾਜਧਾਨੀ ਖੇਤਰ

ਵਿਚੋਂ ਆਉਂਦੇ ਹਨ। ਇਹ ਇਕ ਗੰਭੀਰ ਸਮੱਸਿਆ ਹੈ ਜਿਸ ਨੂੰ ਅਸੀਂ ਸਭ ਮਿਲ ਕੇ ਦੂਰ ਕਰ ਸਕਦੇ ਹਾਂ। ਸਰਕਾਰ ਅਪਣੇ ਪੱਧਰ ’ਤੇ ਬਹੁਤ ਸਾਰੇ ਕਦਮ ਚੁੱਕ ਰਹੀ ਹੈ। ਪਰ ਨਤੀਜੇ ਕੋਹਾਂ ਦੂਰ ਹਨ। ਜੇਕਰ ਚੀਨ ਵਿਚ ਬੀਜ਼ਿੰਗ, ਥਾਈਲੈਂਡ ਵਿਚ ਹਾਂਗਕਾਂਗ ਅਤੇ ਇੰਗਲੈਂਡ ਵਿਚ ਲੰਦਨ ਦੀ, ਪ੍ਰਦੂਸ਼ਣ ਦੀ ਸਮੱਸਿਆ ਦੂਰ ਹੋ ਸਕਦੀ ਹੈ ਤਾਂ ਅਸੀਂ ਕਿਉਂ ਨਹੀਂ ਕਰ ਸਕਦੇ ਦੂਰ ਇਹ ਸਮੱਸਿਆ ? ਇਸਦੇ ਲਈ ਜ਼ਰੂਰਤ ਹੈ ਚੰਗੀਆਂ ਨੀਤੀਆਂ ਬਣਾਉਣ  ਤੇ ਲਾਗੂ ਕਰਵਾਉਣ ਦੀ ਅਤੇ ਇਨ੍ਹਾਂ ਕਾਰਜਾਂ ਵਿੱਚ ਨਾਗਰਿਕਾਂ ਦੀ ਸਰਗਰਮ ਸ਼ਮੂਲੀਅਤ ਕਰਵਾਉਣ ਦੀ। ਹੁਣ ਮੈਂ ਅੱਜ ਦੇ ਮੁੱਦੇ ’ਤੇ ਆਉਂਦਾ ਹਾਂ। ਹਾਂ, ਮੈਂ ਗੱਲ ਕਰ ਰਿਹਾ ਹਾਂ ਸਲਾਨਾ ਡੀਬੇਟ ਦੀ। ਇਸ ਵਿਚ ਲਗਭਗ ਤਿੰਨ ਦਰਜਨ ਸਕੂਲਾਂ ਤੇ ਹੋਰ ਸੰਸਥਾਵਾਂ ਦੀਆਂ ਟੀਮਾਂ ਨੇ ਭਾਗ ਲਿਆ ਹੈ। ਆਪਣੇ ਸਕੂਲ ਦੇ ਵਿਦਿਆਰਥੀ ਮਿਸਟਰ ਰਮੇਸ਼ ਨੇ ਫਾਈਨਲ ਵਿਚ ਸਥਾਨ ਬਣਾ ਲਿਆ ਹੈ। ਮੈਂ ਉਸੇ ਨੂੰ ਵਿਸਥਾਰ ਨਾਲ ਦੱਸਣ ਲਈ ਸੱਦਾ ਦਿੰਦਾ ਹਾਂ।

**ਰਮੇਸ਼:** ਧੰਨਵਾਦ ਸਰ! ਦੋਸਤੋ, ਤੁਸੀਂ ਸਭ ਨੇ ਨੋਟਿਸ ਬੋਰਡ ਤੇ ਦੇਖਿਆ ਹੀ ਹੋਵੇਗਾ ਇਸ ਮੁਕਾਬਲੇ ਦੇ ਅੰਤਮ ਪੜਾਅ ਦਾ ਵਿਸ਼ਾ ਹੈ Global Warming Refugees ਯਾਨੀ ਆਲਮੀ ਤਪਸ਼ ਕਾਰਨ ਵਧਦੀ ਸ਼ਰਨਾਰਥੀ ਸਮੱਸਿਆ। ਇਸ ਵਿਚ ਮਨੁੱਖ ਹੀ ਨਹੀਂ, ਦੂਸਰੇ ਜੀਵ-ਜੰਤੂ ਅਤੇ ਪੇੜ-ਪੌਦਿਆਂ ਨੂੰ ਵੀ ਸ਼ਾਮਿਲ ਕਰ ਸਕਦੇ ਹਾਂ। ਇਸ ਸਮੱਸਿਆ ਦਾ ਅਸਰ ਕੁਝ ਖੇਤਰਾਂ ਵਿਚ ਤਾਂ ਸਪੱਸ਼ਟ ਦਿਸਣ ਲੱਗਿਆ ਹੈ। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਦੇ ਅਨੁਸਾਰ ਇਸਦੇ ਗੰਭੀਰ ਨਤੀਜੇ ਹੋ ਸਕਦੇ ਹਨ। ਸੰਸਾਧਨਾਂ ਦੀ ਕਮੀ, ਭੋਜਨ ਅਤੇ ਪਾਣੀ ਦੀ ਕਿੱਲਤ ਆਉਣ ਵਾਲੇ ਸਮੇਂ ਵਿਚ ਆਮ ਸਮੱਸਿਆ ਬਣ ਕੇ ਉਭਰ ਸਕਦੀ ਹੈ। ਮੇਰੇ ਲਈ ਇਹ ਮਾਨ ਦੀ ਗੱਲ ਹੈ ਕਿ ਮੈਂ ਅਪਣੇ ਸਕੂਲ ਦਾ ਪ੍ਰਤੀਨਿਧੀ ਬਣ ਕੇ ਜਾ ਰਿਹਾ ਹਾਂ। ਮੈਂ ਅਤੇ ਮੇਰੇ ਦੋਸਤ ਉਸ ਦਿਨ ਦਾ ਇੰਤਜ਼ਾਰ ਕਰ ਰਹੇ ਹਾਂ ਜਿਸ ਦਿਨ ਇਹ ਅੰਤਮ ਪੜਾਅ ਦੀ ਡੀਬੇਟ ਹੋਵੇਗੀ। ਮਿਲ ਰਹੇ ਸਹਿਯੋਗ ਅਤੇ ਪ੍ਰੋਤਸਾਹਨ ਦੇ ਲਈ ਸਕੂਲ ਪ੍ਰਸ਼ਾਸਨ ਅਤੇ ਤੁਹਾਡੇ ਸਭ ਦਾ ਬਹੁਤ ਧੰਨਵਾਦ।

******* ਤਾਲੀਆਂ ਦੀ ਧੁਨੀ ਦਾ ਪ੍ਰਭਾਵ*******

**ਡਾ.ਕ੍ਰਿਸ਼ਨਾ:** ਕਿੰਨਾ ਆਤਮ-ਵਿਸ਼ਵਾਸ ਹੈ, ਵਾਹ? ਤੁਹਾਨੂੰ ਸਭ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਵਰਤਮਾਨ ਵਿਚ **ਆਫ਼ਤਾਂ** ਦੇ ਕਾਰਨ ਪ੍ਰਤੀ ਸੈਕਿੰਡ ਇਕ ਵਿਅਕਤੀ ਬੇ-ਘਰ ਹੋ ਰਿਹਾ ਹੈ। ਸੋਮਾਲੀਆ ਵਿਚ 2011-2012 ਵਿਚ ਸੋਕੇ ਦੇ ਕਾਰਨ, ਪਾਕਿਸਤਾਨ ਵਿਚ 2010 ਅਤੇ 2012 ਵਿਚ ਆਇਆ ਹੜ੍ਹ ਅਤੇ ਨੇਪਾਲ ਵਿਚ 2015 ਦੇ ਭੂਚਾਲ ਦੇ ਕਾਰਨ ਲੱਖਾਂ ਲੋਕਾਂ ਨੂੰ ਆਪਣਾ ਘਰ ਛੱਡਣਾ ਪਿਆ ਹੈ। ਹਾਲਾਂਕਿ ਗਲੋਬਲ ਵਾਰਮਿੰਗ ਦੀ ਸਮੱਸਿਆ ਨਵੀਂ ਹੈ ਪਰ ਆਉਣ ਵਾਲੇ ਸਮੇਂ ਵਿਚ ਇਹ ਹੋਰ ਵਿਕਰਾਲ ਹੋ ਸਕਦੀ ਹੈ। ਇਸ ਦੇ ਲਈ ਸਾਨੂੰ ਅੱਜ ਤੋਂ ਹੀ ਕਦਮ ਉਠਾਉਣੇ ਪੈਣਗੇ।

*******ਧੁਨੀ ਪਰਿਵਰਤਨ*******

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਚੌਥਾ......**

(ਸਵੇਰ ਦਾ ਸਮਾਂ ਕਾਲਜ ਦਾ ਆਡੀਟੋਰੀਅਮ/ ਵਿਦਿਆਰਥੀਆਂ ਦੀ ਚਹਿਲ-ਪਹਿਲ/ ਪੰਛੀਆਂ ਦੀ ਚਹਿਚਹਾਹਟ)

**ਪਰਮਿੰਦਰ:** ਹੈਲੋ(ਮਾਈਕ ਦੀ ਗੂੰਜ) ਹੈਲੋ......

ਦੋਸਤੋ ਨਮਸਕਾਰ! ਮੇਰੀ ਅਵਾਜ਼ ਸੁਣ ਰਹੀ ਹੈ? ਕਿਰਪਾ ਕਰਕੇ ਸ਼ਾਂਤ ਹੋ ਜਾਓ, ਮਾਈਕ ਟੈਸਟ ਕਰ ਲੈਣ ਦਿਓ। ਲਾਸਟ ਲਾਈਨ ਵਿਚ ਬੈਠੇ ਵਿਦਿਆਰਥੀਆਂ ਨੂੰ ਅਵਾਜ਼ ਸੁਣਾਈ ਦੇ ਰਹੀ ਹੈ।

ਇਕ ਸੁਰ ਵਿਚ: ਹਾਂ ਮੈਡਮ, ਸੁਣਾਈ ਦੇ ਰਹੀ ਹੈ।

**ਪਰਮਿੰਦਰ:** ਸਾਰੇ ਪ੍ਰਤੀਯੋਗੀ ਅੱਗੇ ਵਾਲੀ ਲਾਈਨ ਵਿਚ ਆ ਜਾਣ। ਸਾਡੇ ਮੁੱਖ ਮਹਿਮਾਨ ਪ੍ਰੋ.ਜਤਿੰਦਰ ਜੀ ਪਹੁੰਚ ਚੁਕੇ ਹਨ ਅਤੇ ਉਹ **ਮਹਿਮਾਨ ਕਮਰੇ** ਵਿਚ ਬੈਠੇ ਹਨ। ਜਲਦੀ ਹੀ ਉਹ ਇਥੇ ਪਹੁੰਚ ਰਹੇ ਹਨ। ਲਓ ਉਹ ਤਾਂ ਆ ਹੀ ਰਹੇ ਹਨ ਹਾਂ, ਮੈਂ ਉਹਨਾਂ ਨੂੰ ਵੇਖ ਸਕਦੀ ਹਾਂ ਉਹ ਹਾਲ ਵਿਚ ਪ੍ਰਵੇਸ਼ ਕਰ ਰਹੇ ਹਨ। ਜ਼ੋਰਦਾਰ ਤਾਲੀਆਂ ਨਾਲ ਸਭ ਦਾ ਸਵਾਗਤ।

*******ਧੁਨੀ ਪ੍ਰਭਾਵ ਤਾਲੀਆਂ*******

**ਪਰਮਿੰਦਰ:**ਨਮਸਕਾਰ! ਸਵਾਗਤ! ਕਾਰਵਾਈ ਸ਼ੁਰੂ ਕਰਦੇ ਹਾਂ। ਅੱਗੇ ਵਧਣ ਤੋਂ ਪਹਿਲਾਂ ਮੈਂ ਪ੍ਰਿੰਸੀਪਲ ਡਾ.ਕ੍ਰਿਸ਼ਨਾ ਨੂੰ ਬੇਨਤੀ ਕਰਦੀ ਹਾਂ ਕਿ ਉਹ ਫੁੱਲਾਂ ਦਾ ਗੁਲਦਸਤਾ ਦੇ ਕੇ ਸਾਡੇ ਮੁੱਖ ਮਹਿਮਾਨ ਨੂੰ ਸਨਮਾਨਿਤ ਕਰਨ।

*******ਤਾਲੀਆਂ ਦਾ ਧੁਨੀ ਪ੍ਰਭਾਵ*******

ਤੁਸੀਂ ਸਭ ਜਾਣਦੇ ਹੋ ਕਿ ਅਸੀਂ ਸਭ ਇਥੇ ਕਿਉਂ ਆਏ ਹਾਂ- ਸਲਾਨਾ ਡੀਬੇਟ ਪ੍ਰਤੀਯੋਗਿਤਾ ਸਾਡੇ ਕਾਲਜ ਦੀ ਪਛਾਣ ਹੈ। ਇਹ ਮੁਕਾਬਲਾ ਕਈ ਪੜਾਵਾਂ ਵਿਚ ਹਰ ਉਮਰ ਵਰਗ ਦੇ ਵਿਦਿਆਰਥੀਆਂ ਦੇ ਲਈ ਕੀਤਾ ਜਾਂਦਾ ਹੈ। ਇਸ ਵਾਰ ਤਿੰਨ ਦਰਜਨ ਤੋਂ ਜ਼ਿਆਦਾ ਸਕੂਲਾਂ ਅਤੇ ਇੰਟਰ ਕਾਲਜਾਂ ਨੇ ਇਸ ਵਿਚ ਭਾਗ ਲਿਆ ਹੈ। ਮੈਂ ਪ੍ਰਿੰਸੀਪਲ ਸਾਹਿਬ ਨੂੰ ਬੇਨਤੀ ਕਰਦੀ ਹਾਂ ਕਿ ਉਹ ਆਉਣ ਅਤੇ ਪ੍ਰੋਤਸਾਹਨ ਸਵਰੂਪ ਦੋ ਸ਼ਬਦ ਕਹਿਣ।

*******ਤਾਲੀਆਂ*******

**ਡਾ.ਕ੍ਰਿਸ਼ਨਾ:** ਨਮਸਕਾਰ ਦੋਸਤੋ, ਇਸ ਪ੍ਰਕਾਰ ਦੀਆਂ ਗਤੀਵਿਧੀਆਂਨਾਲ ਤੁਹਾਨੂੰ ਸਭ ਨੂੰ ਨਵੀਆਂ ਜਾਣਕਾਰੀਆਂ ਤਾਂ ਮਿਲਦੀਆਂ ਹੀ ਹਨ ਨਾਲ ਹੀ ਵਿਸ਼ਵ ਪੱਧਰ ’ਤੇ ਚਲ ਰਹੀ ਸੋਣ ਅਤੇ ਕਾਰਵਾਈਆਂ ਨਾਲ ਵੀ ਜਾਣੂ ਹੋਣ ਦਾ ਮੌਕਾ ਮਿਲਦਾ ਹੈ।ਇਕ ਦੈਨਿਕ ਸਮਾਚਾਰ ਪੱਤਰ ਵਿਚ 14 ਮਾਰਚ 2019 ਨੂੰ ਪੜ੍ਹਣ ਨੂੰ ਮਿਲਿਆ ਕਿ ਕਿਸ

ਤਰ੍ਹਾਂ ਗਲੋਬਲ ਵਾਰਮਿੰਗ ਅਤੇ ਪ੍ਰਦੂਸ਼ਣ ਦੀ ਸਮੱਸਿਆ ਨਾਲ ਲੱਖਾਂ ਲੋਕਾਂ ਨੂੰ ਅਣਿਆਈ ਮੌਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਹੋਰ ਕਿਸੇ ਦੀ ਨਹੀਂ ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ 'ਤੇ ਅਧਾਰਿਤ ਲੇਖ ਸੀ। ਇਸ ਲੇਖ ਨੂੰ 70 ਤੋਂ ਜ਼ਿਆਦਾ ਦੇਸ਼ਾਂ ਦੇ 250 ਤੋਂ ਜ਼ਿਆਦਾ ਵਿਗਿਆਨੀਆਂ ਨੇ ਤਿਆਰ ਕੀਤਾ ਹੈ। ਮੈਨੂੰ ਉਮੀਦ ਹੈ ਕਿ ਅੱਜ ਦੀ ਇਸ ਚਰਚਾ ਵਿਚ ਇਸ ਪ੍ਰਕਾਰ ਦੇ ਨਵੇਂ ਮੁੱਦੇ ਉੱਭਰ ਕੇ ਸਾਹਮਣੇ ਆਉਣਗੇ ਜਿਸ ਨਾਲ ਸਮੱਸਿਆ ਦਾ ਕਾਰਗਾਰ ਹੱਲ ਸੰਭਵ ਹੋ ਸਕੇ। ਮੈਂ ਕਾਲਜ ਦੀ ਪ੍ਰਬੰਧਕੀ ਕਮੇਟੀ ਦਾ ਇਸ ਪ੍ਰਤੀਯੋਗਤਾ ਨੂੰ ਕਰਨ ਦੇ ਲਈ **ਧੰਨਵਾਦੀ** ਹਾਂ ਜਿਸ ਨਾਲ ਸਾਡੇ ਵਿਦਿਆਰਥੀ ਅੱਗੇ ਚਲ ਕੇ ਅਹਿਮ ਭੂਮਿਕਾ ਨਿਭਾ ਸਕਣਗੇ। ਸਭ ਪ੍ਰਤੀਯੋਗੀਆਂ ਨੂੰ ਬਹੁਤ ਸਾਰੀਆਂ ਸ਼ੁਭਕਾਮਨਾਵਾਂ।

*******ਤਾਲੀਆਂ*******

**ਪਰਮਿੰਦਰ:** ਧੰਨਵਾਦ ਸਰ! ਸਾਰੇ ਪ੍ਰਤੀਯੋਗੀ ਸਟੇਜ 'ਤੇ ਆ ਕੇ ਅਪਣੀਆਂ ਸੀਟਾਂ 'ਤੇ ਬੈਠ ਜਾਣ!

*******ਧੁਨੀ ਪ੍ਰਭਾਵ*******

ਵਾਤਾਵਰਨ ਵਿਗਿਆਨੀ ਡਾ. ਜਤਿੰਦਰ ਜੀ ਅੱਜ **ਵਿਸ਼ੇਸ਼ਕਰਤਾ** ਸੰਚਾਲਕ ਅਤੇ **ਨਿਰਣਾਇਕ** ਦੀ ਭੂਮਿਕਾ ਨਿਭਾਉਣਗੇ। ਪ੍ਰੋ.ਜਤਿੰਦਰ, ਕਿਰਪਾ ਕਰਕੇ ਸਟੇਜ 'ਤੇ ਅਪਣਾ ਸਥਾਨ ਗ੍ਰਹਿਣ ਕਰਨ। ਅਤੇ Opening Remarks ਦੇ ਲਈ ਕਿਰਪਾ ਕਰਕੇ ਮਾਈਕ 'ਤੇ ਆਉਣ।

**ਪ੍ਰੋ.ਜਤਿੰਦਰ:** (ਹੱਸਦੇ ਹੋਏ) Hello Everybody, ... ਨਮਸਕਾਰ! ਆਸ਼ਾ ਕਰਦਾ ਹਾਂ ਕਿ ਸਭ ਪ੍ਰਤੀਯੋਗੀ ਤਿਆਰ ਹੋਣਗੇ। ... ਅੱਜ ਦੀ ਡੀਬੇਟ ਥੋੜ੍ਹੀ ਭਿੰਨ ਹੋਵੇਗੀ। ਇਸਦੇ ਤਿੰਨ ਭਾਗ ਹੋਣਗੇ। ਪਹਿਲੇ ਗੇੜ ਵਿਚ ਪ੍ਰਤੀਯੋਗੀਆਂ ਨੇ ਸਿੱਧੇ-ਸਿੱਧੇ ਆਪਣੀ ਗੱਲ ਕਹਿਣੀ ਹੋਵੇਗੀ। ਦੂਸਰਾ ਗੇੜ ਸਵਾਲਾਂ ਦੀ ਤੇਜ ਵਾਛੜ ਵਾਲਾ ( ਰੈਪਿਡ ਫਾਇਰ ਕਵਿਜ਼) ਹੋਵੇਗਾ ਅਤੇ ਅੰਤਿਮ ਗੇੜ ਵਿਚ ਗਿਣੇ-ਚੁਣੇ ਸ਼ਬਦਾਂ ਰਾਹੀਂ ਸਾਰਾਂਸ਼ 'ਤੇ ਪਹੁੰਚਣਾ ਹੋਵੇਗਾ। ਪਰਮਿੰਦਰ ਜੀ ਸਕੋਰ ਦਾ ਧਿਆਨ ਰੱਖਣਗੇ। ਹਾਂ ਕੀ ਸਾਰੇ ਤਿਆਰ ਹਨ ?

*******ਧੁਨੀ ਪ੍ਰਭਾਵ*******

**ਪਰਮਿੰਦਰ:**ਠੀਕ ਹੈ ਡਾ.ਜਤਿੰਦਰ ਜੀ, ਕੇਵਲ ਇਹ ਧਿਆਨ ਰੱਖੋ ਕਿ ਡਾ. ਜਤਿੰਦਰ ਜੀ ਦਾ ਫ਼ੈਸਲਾ ਅੰਤਮ ਹੋਵੇਗਾ।

**ਪ੍ਰੋ.ਜਤਿੰਦਰ:** ਧੰਨਵਾਦ ਪ੍ਰਭਾ ਜੀ, ਸ਼ੁਰੂ ਕਰਦੇ ਹਾਂ।/ ਪਹਿਲਾ ਪ੍ਰਤੀਯੋਗੀ, ਰਮੇਸ਼ ਆਪਣੀ ਗੱਲ ਕਹੇ......

*******ਧੁਨੀ ਪ੍ਰਭਾਵ*******

**ਰਮੇਸ਼:** ਨਮਸਕਾਰ! Good Morning... ਮੈਂ ਆਪਣੀ ਗੱਲ ਅਮਰੀਕਾ ਦੇ ਪੂਰਵ ਰਾਸ਼ਟਰਪਤੀ ਜਨਾਬ ਬਰਾਕ ਓਬਾਮਾ ਦੇ ਇਕ ਕਥਨ ਨਾਲ ਸ਼ੁਰੂ ਕਰਦਾ ਹਾਂ... ਇਕ ਸੱਚਾਈ ਹੈ ਜੋ ਇਸ ਸਦੀ ਦੀ ਪਹਿਚਾਣ ਬਣ ਗਈ ਹੈ, ਉਹ ਹੈ

ਮੌਸਮ ਵਿਚ ਬਦਲਾਅ। ਇਸਦੀ ਅਹਿਮੀਅਤ ਅਤੇ **ਗੰਭੀਰਤਾ** ਇਸੇ ਤੋਂ ਹੀ ਜਾਣੀ ਜਾ ਸਕਦੀ ਹੈ ਕਿ ਜਦੋਂ ਪੈਰਿਸ ਸਮਝੌਤੇ ਵਿਚ ਆਏ 190 ਤੋਂ ਜ਼ਿਆਦਾ ਦੇਸ਼ਾਂ ਦੇ ਵਿਗਿਆਨੀਆਂ ਨੇ ਇਸ ਦੇ ਵੱਲ ਸਾਰੇ ਦੇਸ਼ਾਂ ਦੇ ਨੁਮਾਇੰਦਿਆਂ ਦਾ ਧਿਆਨ ਦਵਾਇਆ ਕਿ ਜੇਕਰ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਇਸੇ ਪ੍ਰਕਾਰ ਜਾਰੀ ਰਿਹਾ ਤਾਂ ਧਰਤੀ ਨੂੰ ਆਪਣੇ ਮੂਲ ਸਵਰੂਪ ਵਿਚ ਲਿਆਉਣਾ ਅਸੰਭਵ ਹੋਵੇਗਾ। ਇਹ ਇਕ ਬਹੁਤ ਵੱਡੀ **ਤਬਾਹੀ** ਹੋਵੇਗੀ ਜਿਸ ਨੂੰ ਠੀਕ ਕਰਨਾ ਨਾ-ਮੁਮਕਿਨ ਹੋਵੇਗਾ। ਆਫ਼ਤਾਂ ਤੋਂ ਬਚਣ ਲਈ ਅਤੇ ਭੋਜਨ-ਪਾਣੀ ਲਈ ਲੋਕਾਂ ਨੂੰ ਨਵੇਂ ਸਥਾਨਾਂ ਵੱਲ ਕੂਚ ਕਰਨਾ ਪੈ ਸਕਦਾ ਹੈ। ਇਕ ਅਜਿਹੀ ਤਰਾਸਦੀ ਜਿਸ ਨਾਲ ਸ਼ਾਤੀ ਭੰਗ ਹੋਵੇਗੀ।

ਇਸਦਾ ਸਭ ਤੋਂ ਵਧੀਆ ਉਦਾਹਰਣ ਮੱਧ ਅਮਰੀਕਾ ਤੋਂ ਸੰਯੁਕਤ ਰਾਜ ਅਮਰੀਕਾ ਵਿਚ ਆਉਣ ਵਾਲੇ ਪ੍ਰਵਾਸੀਆਂ ਤੋਂ ਲਿਆ ਜਾ ਸਕਦਾ ਹੈ। ਇਸਦੀ ਵਿਸਤਾਰ ਵਿਚ ਚਰਚਾ ਲੇਖਕ ਅਤੇ ਪੱਤਰਕਾਰ ਟੋਡ ਮਿਲਰ ਨੇ ਆਪਣੀ ਪੁਸਤਕ ***Storming The Wall*** ਵਿਚ ਕੀਤਾ ਹੈ। ਗਲੋਬਲ ਵਾਰਮਿੰਗ ਦੇ ਕਾਰਨ ਆਉਣ ਵਾਲੀਆਂ ਅਕਾਲ, ਸੋਕਾ, ਹੜ੍ਹ, ਚੱਕਰਵਾਤ, ਜ਼ਮੀਨ ਖਿਸਕਣ ਤੇ ਧਸਣ, ਵਰਗੀਆਂ ਸਮੱਸਿਆਵਾਂ ਮੱਧ ਅਮਰੀਕਾ ਦੀ ਸਮੱਸਿਆ ਨੂੰ ਹੋਰ ਵਿਕਰਾਲ ਬਣਾ ਸਕਦੀਆਂ ਹਨ। ਮੌਸਮ ਵਿਗਿਆਨੀ ਦੱਖਣੀ ਅਮਰੀਕਾ ਦੇ ਮੱਧ ਭਾਗ ਨੂੰ ***ਗਰਾਉਂਡ ਜ਼ੀਰੋ*** ਦੇ ਰੂਪ ਵਿਚ ਲੈ ਰਹੇ ਹਨ। ਇਹ ਦੋਵੇਂ ਬੰਨੇ ਸਮੁੰਦਰ ਨਾਲ ਘਿਰਿਆ ਹੈ।ਇਸ ਖੇਤਰ ਵਿਚ ਸਥਿਤ ਦੇਸ਼ਾਂ ‘ਤੇ ਗਲੋਬਲ ਵਾਰਮਿੰਗ ਦਾ ਪ੍ਰਭਾਵ ਸਭ ਤੋਂ ਜ਼ਿਆਦਾ ਪਵੇਗਾ। ਇਕ ਅਧਿਐਨ ਤੋਂ ਪਤਾ ਚਲਿਆ ਹੈ ਕਿ ਸੰਨ 2050 ਤਕ ਮੈਕਸਿਕੋ ਦਾ 10 ਵਿਚੋਂ ਇਕ ਵਿਅਕਤੀ ਵਿਸਥਾਪਿਤਾਂ ਦੀ ਸ਼ਰੇਣੀ ਵਿਚ ਹੋਵੇਗਾ। ਸਾਡੇ ਦੇਸ਼ ਵਿਚ ਵੀ ਕੁਝ ਵਾਤਾਵਰਨ ਮਾਹਰ ਇਸਦੇ ਪ੍ਰਭਾਵ ਬਾਬਤ ਅਧਿਅਨ ਹਿਮਾਲਿਆ ਅਤੇ ਉਤਰ ਪੂਰਬ ਦੇ ਖੇਤਰਾਂ ਨੂੰ ਲੈ ਕੇ ਕਰ ਰਹੇ ਹਨ। ਗਲੋਬਲ ਵਾਰਮਿੰਗ ਕੋਈ ਭਵਿੱਖਬਾਣੀ ਨਹੀਂ ਹੈ। ਇਹ ਇਕ ਸੱਚਾਈ ਹੈ ਜੋ ਸਾਡੇ ਸਾਹਮਣੇ ਵਾਪਰ ਰਹੀ ਹੈ। ਹੁਣ ਮੈਂ ਆਪਣੀ ਗੱਲ ਨੂੰ **ਵਿਰਾਮ** ਦੇਣਾ ਚਾਹਾਂਗਾ। ਧੰਨਵਾਦ !

*******ਤਾਲੀਆਂ*******

**ਪ੍ਰੋ.ਜਤਿੰਦਰ:** ਸਹੀ ਸਮੇਂ ‘ਤੇ ਸਮਾਪਤੀ...(ਹੱਸਦੇ ਹੋਏ) ਸਾਡੇ ਅਗਲੇ ਪ੍ਰਤੀਯੋਗੀ ਹਨ ਮਿਸ ਹਰਜੀਤ, ਤੁਹਾਡਾ ਸਵਾਗਤ ਹੈ।

**ਹਰਜੀਤ:** Good Morning everybody... ਗਲੋਬਲ ਵਾਰਮਿੰਗ ਦੀ ਸਮੱਸਿਆ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਫ਼ਿਲਮ ***Climate Refugees*** ਵਿਚ ਦੱਸਿਆ ਗਿਆ ਹੈ। ਪਿਛਲੇ ਹਫ਼ਤੇ ਹੀ ਮੈਂ ਅਪਣੇ ਦੋਸਤਾਂ ਨਾਲ ਇਹ ਫਿਲਮ ਵੇਖੀ ਸੀ। ਇਹ ਪਹਿਲੀ ਅਜਿਹੀ ਫ਼ਿਲਮ ਹੈ ਜਿਸ ਵਿਚ ਮੌਸਮ ਪਰਿਵਰਤਨ ਦੇ ਕਾਰਨ, ਪ੍ਰਭਾਵਿਤ ਹੋਣ ਵਾਲੇ ਲੋਕਾਂ ‘ਤੇ ਰੋਸ਼ਨੀ ਪਾਈ ਗਈ ਹੈ। ਇਸ ਵਿਚ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ’ਤੇ ਪੈਣ ਵਾਲੇ ਰਾਜਨੀਤਿਕ ਪ੍ਰਭਾਵਾਂ ਨੂੰ ਬ-ਖ਼ੂਬੀ ਉਠਾਇਆ ਗਿਆ ਹੈ। ਗਲੋਬਲ ਵਾਰਮਿੰਗ ਕੋਈ ਕਲਪਨਾ ਨਹੀਂ ਹੈ। ਸਾਡੇ

ਸਾਹਮਣੇ ਖੜੀ ਇਕ ਹਕੀਕੀ ਸਮੱਸਿਆ ਹੈ। ਗਲੋਬਲ ਵਾਰਮਿੰਗ ਕਾਰਨ ਇਸ ਸਦੀ ਦੇ ਮੱਧ ਤਕ ਕਰੋੜਾਂ ਲੋਕ ਆਪਣੇ ਰੈਣ ਬਸੇਰਿਆ , ਘਰਾਂ ਤੇ ਚੁੱਲ੍ਹੇ – ਚੌਂਕਿਆਂ ਨੂੰ ਛੱਡਣ ਲਈ ਮਜਬੂਰ ਹੋ ਜਾਣਗੇ।

ਪਰ ਸਵਾਲ ਉਠਦਾ ਹੈ ਕਿ ਇਕ ਦੇਸ਼ ਤੋਂ ਦੂਸਰੇ ਦੇਸ਼ ਵਿਚ ਵਿਸਥਾਪਿਤ ਹੋਣ ਵਾਲੇ ਲੋਕਾਂ ਲਈ ਕੀ ਵਿਵਸਥਾ ਕੀਤੀ ਗਈ ਹੈ। ਗਲੋਬਲ ਵਾਰਮਿੰਗ ਦੇ ਨਾਲ ਹੋ ਰਹੇ ਵਿਸਥਾਪਿਤ ਸ਼ਰਨਾਰਥੀਆਂ ਦੀ ਸੰਖਿਆ ਅੱਜ ਕਿਤੇ ਜ਼ਿਆਦਾ ਹੈ । ਜਲਵਾਯੂ ਜੰਗ (**Climate War**) ਵਰਗੀ ਸ਼ਬਦਾਵਲੀ ਕੁਝ ਦੇਸ਼ਾਂ ਵਿਚ ਅੱਜ ਗੂੰਜ ਰਹੀ ਹੈ। ਬੰਗਲਾਦੇਸ਼, ਚੀਨ, ਚਾੜ, ਫ਼ਿਜ਼ੀ, ਸੂਡਾਨ, ਕੀਨੀਆ, ਮਾਲਦੀਪ, ਯੂਰਪ ਅਤੇ ਅਮਰੀਕਾ ਵਿਚ **ਫਿਲਮਾਈ** ਗਈ ਇਹ ਫਿਲਮ, ਤੱਥਾਂ 'ਤੇ ਆਧਾਰਿਤ ਹੈ, ਜੋ ਇਕ ਖ਼ਤਰਨਾਕ ਸਥਿਤੀ ਵੱਲ ਇਸ਼ਾਰਾ ਕਰਦੀ ਹੈ। ਪਰ ਪ੍ਰਸ਼ਨ ਉਠਦਾ ਹੈ ਕਿ ਕੀ ਅਸੀਂ ਆਉਣ ਵਾਲੀ ਸਥਿਤੀ ਦਾ ਸਾਹਮਣਾ ਕਰਨ ਲਈ ਤਿਆਰ ਹਾਂ? ਰਹਿਣ ਲਈ ਸਾਡੇ ਕੋਲ ਇਕ ਹੀ ਗ੍ਰਹਿ ਹੈ। ਸਾਡਾ ਨੈਤਿਕ ਕਰਤੱਵ ਹੈ ਕਿ ਆਉਣ ਵਾਲੀਆਂ ਪੀੜੀਆਂ ਨੂੰ ਅਸੀਂ ਆਪਣੇ ਇਸ ਗ੍ਰਹਿ ਨੂੰ ਉਸੀ ਰੂਪ ਵਿਚ ਦੇਈਏ ਜਿਹੋ ਜਿਹਾ ਸਾਨੂੰ ਸਾਡੇ ਪੂਰਵਜਾਂ ਤੋਂ ਮਿਲਿਆ ਸੀ।

****ਧੰਨਵਾਦ*****

**ਪ੍ਰੋ.ਜਤਿੰਦਰ:** ਜਿਸ ਤਰ੍ਹਾਂ ਧਾਰਾ ਪ੍ਰਵਾਹ ਨਾਲ ਮਿਸ ਹਰਜੀਤ ਬੋਲ ਰਹੇ ਸੀ ਮੈਨੂੰ ਲੱਗਿਆ ਉਸ ਨੂੰ ਰੋਕਣ ਲਈ ਬਜ਼ਰ ਵਜਾਉਣਾ ਹੀ ਪਵੇਗਾ। ਪਰ ਸਮੇਂ ਦਾ ਪੂਰਾ ਖ਼ਿਆਲ! ਧੰਨਵਾਦ ਮਿਸ ਹਰਜੀਤ। ਅਤੇ ਸਾਡੇ ਅਗਲੇ ਪ੍ਰਤੀਯੋਗੀ ਹਨ- ਮਿਸ ਸੁਰਜੀਤ......

**ਸੁਰਜੀਤ:** Hello…everyone! ਮੈਂ ਅਪਣੀ ਗੱਲ ਨੂੰ ਉਸ ਜਗ੍ਹਾ ਤੋਂ ਸ਼ੁਰੂ ਕਰਨਾ ਚਾਹਾਂਗੀ ਜਿਥੇ ਹਰਜੀਤ ਨੇ ਛੱਡੀ ਹੈ, ਹੁਣ ਸਾਡਾ ਇਕ ਹੀ ਉਦੇਸ਼ ਹੋਣਾ ਚਾਹੀਦਾ ਹੈ ਉਹ ਹੈ ਧਰਤੀ ਦੀ ਸੁਰੱਖਿਆ। ਹਾਂ, ਸਾਡਾ ਇਹ ਕਰਤੱਵ ਬਣਦਾ ਹੈ ਕਿ ਅਸੀਂ ਅਪਣੀ ਇਸ ਧਰਤੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਅਤੇ ਜਿਵੇਂ ਦਾ ਅਸੀਂ ਲਿਆ ਸੀ ਉਸੀ ਰੂਪ ਵਿਚ ਸੌਂਪ ਕੇ ਜਾਈਏ। ਜੇਕਰ ਗਲੋਬਲ ਵਾਰਮਿੰਗ ਦੀ ਸਮੱਸਿਆ ਇਸੇ ਤਰ੍ਹਾਂ ਬਣੀ ਰਹੀ ਤਾਂ ਸੰਨ 2050 ਤਕ ਕਰੋੜਾਂ ਲੋਕਾਂ ਦੇ ਵਿਸਥਾਪਿਤ ਹੋਣ ਦੀ ਸਮੱਸਿਆ ਸਾਹਮਣੇ ਆ ਸਕਦੀ ਹੈ। ਇਹ ਅਜਿਹੀ ਸਥਿਤੀ ਹੈ ਜੋ ਇਸ ਤੋਂ ਪਹਿਲਾਂ ਇਸ ਗ੍ਰਹਿ 'ਤੇ ਕਦੇ ਨਹੀਂ ਵਾਪਰੀ।

ਅਸੀਂ ਆਪਣੇ ਵਾਤਾਵਰਨ ਨੂੰ ਕਾਰਬਨ ਡਾਇਆਕਸਾਈਡ ਗੈਸ ਨਾਲ ਭਰ ਰਹੇ ਹਾਂ ਜਿਸ ਨਾਲ ਤਾਪਮਾਨ ਵਧਦਾ ਹੈ ਅਤੇ ਧਰਤ ਗ੍ਰਹਿ ਗਰਮ ਹੋ ਰਿਹਾ ਹੈ। ਇਹ ਕਾਰਬਨ ਕਿਥੋਂ ਆ ਰਿਹਾ ਹੈ? **ਪਥਰਾਹਟੀ ਬਾਲਣਾਂ** ਨੂੰ ਵਰਤੋਂ ਵਿੱਚ ਲਿਆਉਣ ਨਾਲ ! ਵਿਗਿਆਨੀ ਇਸ ਨਾਲ ਸਹਿਮਤ ਹਨ ਕਿ ਮਨੁੱਖੀ ਗਤੀਵਿਧੀਆਂ ਹੀ ਗਲੋਬਲ ਵਾਰਮਿੰਗ ਨੂੰ ਵਧਾ ਰਹੀਆਂ ਹਨ। ਅਸੀਂ ਵਿਸਥਾਪਿਤ ਸ਼ਰਨਾਰਥੀਆਂ ਦੀ ਗੱਲ ਤਾਂ ਕਰਦੇ ਹਾਂ ਪਰ ਕਦੇ ਤੁਸੀਂ ਜਾਣਨ ਦਾ ਯਤਨ ਕੀਤਾ ਹੈ ਕਿ ਬੰਗਲਾ ਦੇਸ਼ ਅਤੇ ਮਾਲਦੀਪ ਇਸ ਆਫ਼ਤ ਨੂੰ ਝੱਲਣ ਵਾਲੇ ਦੇਸ਼ਾਂ ਵਿਚ ਸਭ ਤੋਂ

ਉਪਰ ਆਉਂਦੇ ਹਨ। ਇਕ ਅਨੁਮਾਨ ਦੇ ਅਨੁਸਾਰ ਸੰਨ 2050 ਤਕ ਬੰਗਲਾਦੇਸ਼ ਦਾ 17% ਭੂ-ਭਾਗ ਜਲ-ਮਗਨ ਹੋ ਜਾਵੇਗਾ ਅਤੇ 2 ਕਰੋੜ ਅਬਾਦੀ ਵਿਸਥਾਪਿਤ ਸ਼ਰਨਾਰਥੀਆਂ ਦੀ ਸ਼ਰੇਣੀ ਵਿਚ ਸ਼ਾਮਿਲ ਹੋ ਜਾਵੇਗੀ।

ਇਹ ਸਮੱਸਿਆ ਮਨੁੱਖ ਦੀ ਹੀ ਨਹੀਂ ਬਲਕਿ ਦੂਸਰੇ ਜੀਵ-ਜੰਤੂ, ਪੇੜ-ਪੌਦੇ ਵੀ ਇਸ ਸ਼੍ਰੇਣੀ ਵਿਚ ਜੁੜਦੇ ਚਲੇ ਜਾ ਰਹੇ ਹਨ ! ਜੀਵ-ਜੰਤੂਆਂ ਅਤੇ ਬਨਸਪਤੀ ਦੀਆਂ ਕਰੀਬ 3000 ਪ੍ਰਜਾਤੀਆਂ ਅਪਣੇ ਮੂਲ ਸਥਾਨਾਂ ਤੋਂ ਵਿਸਥਾਪਿਤ ਹੋ ਚੁਕੀਆਂ ਹਨ। ਉਹ ਨਵੇਂ ਸਥਾਨਾਂ ’ਤੇ ਜਾਣ ਲਈ ਸੁਤੰਤਰ ਹਨ ਪਰ ਮਨੁੱਖ ਨਹੀਂ। ਇਸ ਪਰਿਵਰਤਨ ਦੀ ਸਭ ਤੋਂ ਵੱਡੀ ਤਰਾਸਦੀ ਇਹੀ ਹੈ ਕਿ ਵਾਤਾਵਰਨ ਨੂੰ ਸਭ ਤੋਂ ਜ਼ਿਆਦਾ ਹਾਨੀ ਪਹੁੰਚਾਉਣ ਵਾਲੇ ਦੇਸ ਹੀ ਇਸ ਨੂੰ ਰੋਕਣ ਦੀਆਂ ਗਤੀ ਵਿਧੀਆਂ ਤੋਂ ਦੂਰ ਭੱਜ ਰਹੇ ਹਨ।

*******ਰੂ-ਰੂ ਬਜ਼ਰ ਦਾ ਧੁਨੀ ਪ੍ਰਭਾਵ ਰੂ-ਰੂ*******

**ਪ੍ਰੋ.ਜਤਿੰਦਰ:** ਤੁਹਾਡਾ ਸਮਾਂ ਸਮਾਪਤ ਹੋ ਗਿਆ ਹੈ... ਧੰਨਵਾਦ ਸੁਰਜੀਤ! ਸਾਰੇ ਪ੍ਰਤੀਯੋਗੀਆਂ ਦੀ ਪੇਸ਼ਕਸ਼ ਬਹੁਤ ਅੱਛੀ ਰਹੀ ਹੈ। ਹੁਣ ਸਮਾਂ ਹੈ ਅਗਲੇ ਗੇੜ ਦਾ। ਕਿਸੇ ਸਟੀਕ ਨਿਰਣੇ ‘ਤੇ ਪਹੁੰਚਣ ਲਈ ਪ੍ਰਸ਼ਨਾਂ ਦੀ ਤੇਜ ਵਾਛੜ (ਰੈਪਿਡ ਫਾਇਰ ਸੈਕਸ਼ਨ) ਸ਼ਾਮਿਲ ਕੀਤਾ ਗਿਆ ਹੈ। ਮੈਡਮ ਪਰਮਿੰਦਰ ਪ੍ਰਸ਼ਨ ਕਰਨਗੇ ਅਤੇ ਬਜ਼ਰ ਦੀ ਘੰਟੀ ਮੇਰੇ ਹੱਥ ਵਿਚ ਰਹੇਗੀ......(ਹੱਸਦੇ ਹੋਏ)

******* ਬਜ਼ਰ ਧੁਨੀ ਦਾ ਪ੍ਰਭਾਵ*******

**ਪਰਮਿੰਦਰ:** ਸਭ ਤਿਆਰ ਹਨ ? “ਪਹਿਲਾ ਸਵਾਲ ਹੈ- ਕਿਸ ਸਾਲ ਨੂੰ ਅੰਤਰਰਾਸ਼ਟਰੀ ਵਿਸਥਾਪਿਤ ਸਾਲ ਦੀ ਪਛਾਣ ਮਿਲੀ ਹੈ?”

**ਸੁਰਜੀਤ:** ਕਈ ਮਾਇਨਿਆਂ ਵਿਚ ਸਾਲ 2018 ਨੂੰ ਇਸ ਸ਼ਰੇਣੀ ਵਿਚ ਲਿਆ ਜਾ ਸਕਦਾ ਹੈ। ਸੁਰੱਖਿਆ ਅਤੇ ਸ਼ਰਨ ਪਾਉਣ ਲਈ ਲੱਖਾਂ ਲੋਕ ਮੱਧ ਅਮਰੀਕਾ, ਅਫਰੀਕਾ, ਪੱਛਮੀ ਏਸ਼ਿਆਈ ਦੇਸ਼ਾਂ ਤੋਂ ਸੰਯੁਕਤ ਰਾਜ ਅਮਰੀਕਾ, ਯੂਰਪ, ਕਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਦੇ ਵੱਲ ਪ੍ਰਸਥਾਨ ਕਰ ਰਹੇ ਹਨ।

**ਪ੍ਰੋ.ਜਤਿੰਦਰ:** ਬਹੁਤ ਸੁੰਦਰ।

**ਪਰਮਿੰਦਰ:** ਸੰਯੁਕਤ ਰਾਸ਼ਟਰ ਸੰਘ ਦੇ ਇਕ ਅਨੁਮਾਨ ਅਨੁਸਾਰ ਸੰਨ 2050 ਤਕ ਕਰੋੜਾਂ ਲੋਕ ਘਰ ਛੱਡਣ ਲਈ ਬੱਵੱਸ ਹੋ ਜਾਣਗੇ। Global Warming Refugees ਜ਼ਿਆਦਾਤਰ ਕਿੰਨਾ ਦੇਸ਼ਾਂ ਤੋਂ ਆ ਰਹੇ ਹਨ?

**ਸੁਰਜੀਤ:** Climate ਨਾਲ ਵਿਸਥਾਪਿਤ ਹੋਣ ਵਾਲੇ ਲੋਕ ਜ਼ਿਆਦਾਤਰ ਘੱਟ ਵਿਕਸਿਤ ਖੇਤਰਾਂ ਤੋਂ ਆ ਰਹੇ ਹਨ। ਜਿਵੇਂ ਅਫਰੀਕਾ, ਏਸ਼ੀਆ ਅਤੇ ਦੱਖਣੀ ਅਮਰੀਕਾ। ਪਰ ਤਰਾਸਦੀ ਵੇਖੋ ਕਿ ਇਨ੍ਹਾਂ ਆਲਮੀ ਤਪਸ਼ ਰਿਫਿਊਜੀਆਂ ਨੂੰ ਸ਼ਰਨਾਰਥੀ ਅਤੇ ਵਿਸਥਾਪਿਤਾਂ ਦੀ ਸ਼ਰੇਣੀ ਵਿਚ ਨਹੀਂ ਲਿਆ ਜਾ ਸਕਦਾ ਹੈ।

**ਪ੍ਰੋ.ਜਤਿੰਦਰ:** Well done ਸਾਡਾ ਅਗਲਾ ਸਵਾਲ ਹੈ......

**ਪਰਮਿੰਦਰ:** ਆਲਮੀ ਤਪਸ਼ ਕਾਰਨ ਉਜੜੇ ਇਨ੍ਹਾਂ ਲੋਕਾਂ ਵਾਸਤੇ ਜ਼ਿਆਦਾਤਰ Global Warming Refugees ਸ਼ਬਦ ਪ੍ਰਯੋਗ ਵਿਚ ਲਿਆਇਆ ਜਾਂਦਾ ਹੈ, ਪਰ ਇਨ੍ਹਾਂ ਵਿਸਥਾਪਿਤਾਂ ਨੂੰ ਸ਼ਰਨਾਰਥੀਆਂ ਦੀ ਸ਼ਰੇਣੀ ਵਿਚ ਨਹੀਂ ਗਿਣਿਆ ਜਾਂਦਾ ਹੈ...... ਅਜਿਹਾ ਕਿਉਂ?

*******ਧੁਨੀ ਪ੍ਰਭਾਵ ਰੂ-ਰੂ*******

**ਹਰਜੀਤ:** ਸੰਯੁਕਤ ਰਾਸ਼ਟਰ ਨੇ ਆਪਣੀ ਇਕ ਬੈਠਕ ਵਿਚ ਇਸਦੇ ਬਾਰੇ ਵਿਚ ਕੁਝ ਨਿਰਣੇ ਲਏ ਹਨ। ਸੰਨ 2015 ਦੇ ਪੈਰਿਸ ਸੰਮੇਲਨ ਵਿਚ ਇਕ ਟਾਸਕਫੋਰਸ ਦਾ ਗਠਨ ਕੀਤਾ ਗਿਆ ਜਿਸਦਾ ਕੰਮ ਗਲੋਬਲ ਵਾਰਮਿੰਗ ਨਾਲ ਹੋਣ ਵਾਲੇ ਵਿਸਥਾਪਿਤਾਂ ਦੇ ਬਾਰੇ ਵਿਚ ਸੁਝਾਅ ਦੇਣਾ ਸੀ। ਵਿਭਿੰਨ ਦੇਸ਼ਾਂ ਨੂੰ ਇਸ ਬਾਰੇ ਠੋਸ ਕਦਮ ਉਠਾਉਣ ਲਈ ਅਤੇ ਗਰੀਬ ਦੇਸ਼ਾਂ ਨੂੰ ਵਿਕਸਿਤ ਰਾਸ਼ਟਰਾਂ ਦੁਆਰਾ ਆਰਥਿਕ ਮੱਦਦ ਕਰਨਾ- ਇਸਦੇ ਸੁਝਾਆਂ ਵਿਚ ਸ਼ਾਮਿਲ ਕੀਤਾ ਗਿਆ।

**ਪ੍ਰੋ.ਜਤਿੰਦਰ:** ਧੰਨਵਾਦ- ਹੁਣ ਸਮਾਂ ਹੈ ਅੰਤਮ ਚਰਣ ਦਾ - ਪ੍ਰਤੀਯੋਗੀਆਂ ਨੇ ਸੰਖੇਪ ਵਿਚ ਇਕ ਜਾਂ ਦੋ ਵਾਕਾਂ ਵਿਚ ਅਪਣੀ ਗੱਲ ਕਹਿਣੀ ਹੈ। ਰਮੇਸ਼- ਸ਼ੁਰੂ ਕਰੋ......

**ਰਮੇਸ਼:** ਮੇਰੇ ਵਿਚਾਰ ਵਿਚ ਗਲੋਬਲ ਵਾਰਮਿੰਗ ਦੀ ਲੜਾਈ ਸਾਡੇ ਸਭ ਦੀ ਲੜਾਈ ਹੈ । ਸਾਡੇ ਸਭ ਦਾ ਸਮੂਹਿਕ ਕਰਤੱਵ ਹੈ- ਜਿਸ ਵਿਚ ਦੇਰੀ ਕਰਨੀ, ਖ਼ਤਰੇ ਦੀ ਘੰਟੀ ਸਮਾਨ ਹੈ। ਸਮਾਂ ਨਿਕਲ ਰਿਹਾ ਹੈ ਕਿਤੇ ਗੱਡੀ ਛੁਟ ਨਾ ਜਾਏ ਉਸ ਨੂੰ ਫੜਣ ਦਾ ਪੂਰਾ ਧਿਆਨ ਰੱਖਣਾ ਹੈ।

**ਹਰਜੀਤ:** ਆਉਣ ਵਾਲੀ ਸਾਡੀ ਪੀੜ੍ਹੀ ਸਾਡਾ ਮਲੰਕਨ ਇਕ ਪਾਗਲ ਇਨਸਾਨ ਦੇ ਰੂਪ ਵਿਚ ਕਰੇਗੀ, ਜੇਕਰ ਅਸੀਂ ਆਪਣਾ ਨੈਤਿਕ ਕਰਤੱਵ ਨਿਭਾਉਣ ਵਿਚ ਚੂਕ ਗਏ। ਸਾਨੂੰ ਗਲੋਬਲ ਵਾਰਮਿੰਗ ਅਤੇ ਇਸ ਨਾਲ ਹੋਣ ਵਾਲੇ ਵਿਸਥਾਪਨ ਨਾਲ ਹਰ ਹਾਲਤ ਵਿਚ ਲੜਨਾ ਹੀ ਹੋਵੇਗਾ।

**ਸੁਰਜੀਤ:** ਰਹਿਣ ਲਈ ਸਾਡੇ ਕੋਲ ਇਕ ਹੀ ਗ੍ਰਹਿ ਹੈ। ਮਨੁੱਖ ਨੂੰ ਇਸ ਨੂੰ ਸਮਝਣਾ ਹੋਵੇਗਾ। ਸਾਡਾ ਇਕ ਹੀ ਉਦੇਸ਼ ਹੋਣਾ ਚਾਹੀਦਾ ਹੈ- ਉਹ ਹੈ ਸੁਰੱਖਿਅਤ ਧਰਤੀ, ਜਿਸ ਨੂੰ ਜਿਸ ਰੂਪ ਵਿਚ ਪਾਇਆ ਹੈ ਉਸੇ ਰੂਪ ਵਿਚ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇ ਕੇ ਵੀ ਜਾਣਾ ਹੈ।**'ਧਰਤੀ ਇਹ ਸੋਹਣੀ ਧਰਤੀ ! ਵਿੱਚ ਵਿਰਾਸਤ ਮਿਲੀ ਅਸਾਂ ਨੂੰ ਵਿੱਚ ਵਿਰਾਸਤ ਦੇ ਕੇ ਜਾਣਾ'** ।ਇਸ ਧਰਤੀ ਮਾਂ ਦੀ ਸੁਰੱਖਿਆ ਕਰਨਾ ਸਾਡੀ ਜ਼ਿੰਮੇਵਾਰੀ ਹੈ ਨਹੀਂ ਤਾਂ ਅਸੀਂ ਸਭ ਇਤਿਹਾਸ ਵਿਚ ਦਬ ਕੇ ਸਮਾਪਤ ਹੋ ਜਾਵਾਂਗੇ।

**ਪ੍ਰੋ.ਜਤਿੰਦਰ:** ਇਸਦੇ ਨਾਲ ਸਮਾਪਤ ਹੁੰਦੀ ਹੈ ਸਾਡੀ ਇਹ ਡੀਬੇਟ। ਜਦੋਂ ਤਕ ਪ੍ਰਭਾ ਜੀ ਨਤੀਜੇ ਤਿਆਰ ਕਰਦੇ ਹਨ ਮੈਂ ਪ੍ਰਿੰਸੀਪਲ ਸਾਹਿਬ ਨੂੰ ਮਾਈਕ ਦਿੰਦਾ ਹਾਂ।

**ਪ੍ਰਿੰਸੀਪਲ:** ਪ੍ਰੋ. ਜਤਿੰਦਰ ਜੀ ਧੰਨਵਾਦ- ਅਤੀ ਸੁੰਦਰ, ਅਤੀ ਉਤਸਾਹ ਭਰਪੂਰ ! ਸਾਰੇ ਪ੍ਰਤੀਯੋਗੀਆਂ ਨੇ ਬੜੇ ਹੀ ਅੱਛੇ ਢੰਗ ਨਾਲ ਅਪਣੇ ਵਿਚਾਰ ਰੱਖੇ। ਕੁਝ ਰਾਜਨੇਤਾ ਇਸ ਨੂੰ ਹਊਆ ਮੰਨ ਰਹੇ ਹਨ, ਵਿਗਿਆਨ ਨੂੰ ਝੂਠਾ ਦੱਸ ਰਹੇ ਹਨ ਅਤੇ ਇਸ ਨੂੰ ਕਾਲਪਨਿਕ ਡਰ ਦੱਸ ਰਹੇ ਹਨ। ਗਲੋਬਲ ਵਾਰਮਿੰਗ ਅਤੇ ਇਸਦੇ ਕਾਰਨ ਹੋ ਰਿਹਾ ਵਿਸਥਾਪਨ ਇਕ ਸੱਚਾਈ ਹੈ। ਇਕ ਅਜਿਹੀ ਸੱਚਾਈ ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ ਹੈ। ਪ੍ਰੋ. ਜਤਿੰਦਰ ਤੁਹਾਨੂੰ, ਪ੍ਰਤੀਯੋਗੀਆਂ ਨੂੰ, ਸਭ ਅਧਿਆਪਕਾਂ ਅਤੇ ਮਾਪਿਆਂ ਨੂੰ ਉਨ੍ਹਾਂ ਦੇ ਸਹਿਯੋਗ ਲਈ ਧੰਨਵਾਦ... ਨਤੀਜਾ ਮੇਰੇ ਹੱਥ ਵਿਚ ਆ ਗਿਆ ਹੈ... ਅਤੇ ਅੱਜ ਦੇ ਵਿਜੇਤਾ/ਜੇਤੂ ਹਨ ਮਿਸ ਸੁਰਜੀਤ........... ਜ਼ੋਰਦਾਰ ਤਾਲੀਆਂ...!

**ਪਰਮਿੰਦਰ:**ਧੰਨਵਾਦ ਡਾ.ਕ੍ਰਿਸ਼ਨਾ, ਹੁਣ ਮੈਂ ਤੁਹਾਨੂੰ ਸਭ ਨੂੰ ਚਾਹ-ਕਾਫ਼ੀ ਅਤੇ ਨਾਸ਼ਤੇ ਦੇ ਲਈ ਸੱਦਾ ਦਿੰਦੀ ਹਾਂ। ਇਸਦੀ ਵਿਵਸਥਾ ਆਡੀਟੋਰੀਅਮ ਦੇ ਬਾਹਰ ਕੀਤੀ ਗਈ ਹੈ, ਸਭ ਵਿਦਿਆਰਥੀਆਂ ਤੇ ਮਾਪਿਆਂ ਦਾ ਧੰਨਵਾਦ !

............... **ਧੁਨੀ ਪ੍ਰਭਾਵ**..................

............... **ਧਾਰਾਵਾਹਿਕ ਸੰਗੀਤ**............

**ਪ੍ਰਸ਼ਨ:**

**ਪ੍ਰਸ਼ਨ-1 ਆਲਮੀ ਤਪਸ਼ ਦੇ ਰਿਫਿਊਜੀਆਂ ਤੋਂ ਕੀ ਭਾਵ ਹੈ ?**

ਉੱਤਰ: ਅਲਮੀ ਤਪਸ਼ ਕਾਰਨ ਆਉਂਦੇ ਬਦਲਾਅ ਦੀ ਬਦੌਲਤ ਭੋਜਨ ਅਤੇ ਰੈਣ ਬਸੇਰਿਆਂ ਦੀ ਭਾਲ ਵਿੱਚ ਉਜੜੇ ਲੋਕਾਂ ਨੂੰ ਕਹਿੰਦੇ ਨੇ ਆਲਮੀ ਤਪਸ਼ ਦੇ ਰਿਫਿਊਜੀ !

**ਪ੍ਰਸ਼ਨ-2 ਜਲਵਾਯੂ ਜੰਗ ਦੇ ਕੀ ਹਨ ਮਾਇਨੇ ?**

ਉੱਤਰ: ਜਲਵਾਯੂ ਬਦਲਾਅ ਕਾਰਨ ਆਰਥਿਕਤਾ ਹੋ ਜਾਂਦੀ ਹੈ ਤਬਾਹ ਅਤੇ ਪਾਣੀ ਤੇ ਆਰਥਿਕਤਾ ਦੀ ਬਹਾਲੀ ਵਾਸਤੇ ਹੁੰਦੀਆਂ ਨੇ ਜੰਗਾਂ ਜਿਨ੍ਹਾਂ ਨੂੰ ਕਹਿੰਦੇ ਨੇ ਜਲਵਾਯੂ ਜੰਗਾਂ !